Punjab Government Gazette

Published by Authority

No. 35] CHANDIGARH, FRIDAY, AUGUST 29, 2025 (BHADRA 7, 1947 SAKA)

PART I

Punjab Government Notifications and Orders

ਰਾਜ ਚੋਣ ਕਮਿਸ਼ਨ, ਪੰਜਾਬ
STATE ELECTION COMMISSION, PUNJAB

✉: secpb@punjab.gov.in
https://sec.punjab.gov.in

ਐਸ.ਸੀ.ਓ: 49, ਸੈਕਟਰ 17-ਈ ,ਚੰਡੀਗੜ੍ਹ, 160017.
☎: 0172- 2771226, 2710162.

NOTIFICATION

The 22nd August, 2025

No. SEC/SAP/ET/2025/618.-In pursuance of the provisions of Section 93 of the Punjab State Election Commission Act, 1994, the State Election Commission hereby notifies the order of the Election Tribunal for general information.

ਬਾ: ਅਦਾਲਤ ਸ੍ਰੀਮਤੀ ਸਵਾਤੀ ਉਪ ਮੰਡਲ ਮੈਜਿਸਟਰੇਟ-ਕਮ- ਪ੍ਰੀਜ਼ਾਈਡਿੰਗ ਅਫਸਰ, ਇਲੈਕਸ਼ਨ ਟਰਬਿਊਨਲ, ਨਿਹਾਲ ਸਿੰਘ ਵਾਲਾ।

ਕੇਸ ਨੰਬਰ : 01
ਆਨ ਲਾਈਨ ਨੰ : 02/2024
ਰਜੂਆ ਮਿਤੀ : 02.12.2024
ਫੈਸਲਾ ਮਿਤੀ : 08.08.2025
ਕਿਸਮ ਕੇਸ : ਇਲੈਕਸ਼ਨ ਪਟੀਸ਼ਨ(ਪੰਚ)
ਪਿੰਡ : ਘੋਲੀਆ ਖੁਰਦ

1. ਮੇਜਰ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਵਾਰਡ ਨੰ:11, ਪਿੰਡ ਘੋਲੀਆ ਖੁਰਦ, ਤਹਿਸੀਲ ਨਿਹਾਲ ਸਿੰਘ ਵਾਲਾ, ਜਿਲ੍ਹਾ ਮੋਗਾ।

.....ਦਰਖਾਸਤੀ

ਬਨਾਮ

1. ਇੰਦਰਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਵਾਰਡ ਨੰ:11, ਪਿੰਡ ਘੋਲੀਆ ਖੁਰਦ, ਤਹਿਸੀਲ ਨਿਹਾਲ ਸਿੰਘ ਵਾਲਾ, ਜਿਲ੍ਹਾ ਮੋਗਾ।

.....ਉਤਰਵਾਦੀਆਨ

ਇਲੈਕਸ਼ਨ ਪਟੀਸ਼ਨ ਜੇਰ ਦਫਾ 76 ਆਫ ਦੀ ਸਟੇਟ ਇਲੈਕਸ਼ਨ ਕਮਿਸ਼ਨ ਐਕਟ ਬਾਬਤ ਰੈਸਪੋਡੇਂਟ ਨੰ:1 ਦੀ ਚੋਣ ਬਤੌਰ ਮੈਂਬਰ ਰੱਦ ਕਰਨ ਬਾਰੇ ਅਤੇ ਪਟੀਸ਼ਨਰ ਨੂੰ ਮੈਂਬਰ ਘੋਸ਼ਿਤ ਕਰਨ ਬਾਰੇ।

ਹਾਜਰ:- ਧਿਰਾਂ ਮਹਿ ਕੌਂਸਲ ਹਾਜਰ।

ਸਟਾਫ ਬੀ.ਡੀ.ਪੀ.ਓ. ਬਾਘਾ ਪੁਰਾਣਾ ਸਮੇਤ ਰਿਕਾਰਡ, ਰਿਟਰਨਿੰਗ ਅਫਸਰ ਅਤੇ ਪੀ.ਆਰ.ਓ.

ਹੁਕਮ

ਇਹ ਇਲੈਕਸ਼ਨ ਪਟੀਸ਼ਨ ਪਟੀਸ਼ਨਰ ਮੇਜਰ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਵਾਰਡ ਨੰ:11, ਪਿੰਡ ਘੋਲੀਆ ਖੁਰਦ ਨੇ ਜੇਰ ਦਫਾ 76 ਆਫ ਦੀ ਸਟੇਟ ਇਲੈਕਸ਼ਨ ਕਮਿਸ਼ਨ ਐਕਟ ਤਹਿਤ ਇਸ ਅਦਾਲਤ ਵਿਚ ਦਾਇਰ ਕੀਤੀ ਹੈ। ਇਹ ਪਟੀਸ਼ਨ ਉਤਰਵਾਦੀ ਨੰ:1 ਇੰਦਰਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਵਾਰਡ ਨੰ:11, ਪਿੰਡ ਘੋਲੀਆ ਖੁਰਦ ਦੀ ਮਿਤੀ: 15/10/2024 ਨੂੰ ਗ੍ਰਾਮ ਪੰਚਾਇਤ ਘੋਲੀਆ ਖੁਰਦ ਵਾਰਡ ਨੰ:11 ਦੀ ਮੈਂਬਰ ਚੁਣਿਆ ਗਿਆ ਹੈ, ਵਿਰੁੱਧ ਪਟੀਸ਼ਨ ਵਿਚ ਦਰਜ ਨੁਕਤਿਆਂ ਦੇ ਅਧਾਰ ਤੇ ਦਾਇਰ ਕੀਤੀ ਗਈ ਹੈ।

ਪਟੀਸ਼ਨ ਦਾਇਰ ਹੋਣ ਤੇ ਉਤਰਵਾਦੀਆਂ ਨੂੰ ਨੋਟਿਸ ਜਾਰੀ ਕੀਤੇ ਗਏ, ਉਤਰਵਾਦੀ ਨੰ:1 ਆਪਣੇ ਵਕੀਲ ਰਾਹੀ ਅਤੇ ਉਤਰਵਾਦੀ ਨੰ: 2 ਖੁਦ ਪੇਸ਼ ਹੋਇਆ। ਉਤਰਵਾਦੀ ਨੰ: 1 ਅਤੇ 2 ਵੱਲੋਂ ਇਲੈਕਸ਼ਨ ਪਟੀਸ਼ਨ ਸਬੰਧੀ ਆਪਣਾ ਜਵਾਬ ਪੇਸ਼ ਕੀਤਾ ਅਤੇ ਪਟੀਸ਼ਨ ਵਿਚ ਲਏ ਗਏ ਨੁਕਤਿਆਂ ਨੂੰ ਗਲਤ ਅਤੇ ਝੂਠਾ ਕਰਾਰ ਦਿੰਦਿਆਂ ਪਟੀਸ਼ਨ ਖਾਰਜ ਕਰਨ ਦੀ ਬੇਨਤੀ ਕੀਤੀ।

ਪਟੀਸ਼ਨ ਬਹਿਸ ਪਰ ਰੱਖੀ ਗਈ। ਪਟੀਸ਼ਨਰ ਨੇ ਆਪਣੀ ਬਹਿਸ ਵਿਚ ਕਿਹਾ ਕਿ ਇਕ ਵੋਟ ਜ਼ੋ ਕੈਸਲ ਕੀਤੀ ਗਈ ਸੀ ਉਸਦੀ ਮੋਹਰ ਮੱਧਮ ਸੀ ਅਤੇ ਪਟੀਸ਼ਨਰ ਦੇ ਹੱਕ ਵਿਚ ਪਾਈ ਹੋਈ ਸੀ। ਵੋਟਰ ਲਿਸਟ ਵੀ ਸਹੀ ਨਹੀਂ ਸੀ। ਅੰਤ ਵਿਚ ਵਿਦਵਾਨ ਵਕੀਲ ਵੱਲੋਂ ਬੇਨਤੀ ਕੀਤੀ ਗਈ ਕਿ ਵੋਟਾਂ ਦੀ ਦੁਬਾਰਾ ਗਿਣਤੀ ਕੀਤੀ ਜਾਵੇ ਤਾਂ ਜ਼ੋ ਵੋਟਾ ਦਾ ਸਹੀ ਪਤਾ ਲੱਗ ਸਕੇ ਕਿ ਕਿਸ ਉਮੀਦਵਾਰ ਨੂੰ ਕਿੰਨੀਆਂ ਵੋਟਾਂ ਪਈਆਂ ਸਨ।

ਉਤਰਵਾਦੀ ਧਿਰ ਦੇ ਵਿਦਵਾਨ ਵਕੀਲ ਨੇ ਬਹਿਸ ਵਿਚ ਹਿੱਸਾ ਲੈਂਦੇ ਹੋਏ ਕਿਹਾ ਕਿ ਪਟੀਸ਼ਨਰ ਵੱਲੋਂ ਗਿਣਤੀ ਨਿਯਮਾਂ ਅਨੁਸਾਰ ਸਹੀ ਢੰਗ ਨਾਲ ਕੀਤੀ ਗਈ ਸੀ। ਵੋਟਰ ਲਿਸਟ ਠੀਕ ਬਣੀ ਹੋਈ ਹੈ। ਅੰਤ ਵਿਚ ਪਟੀਸ਼ਨ ਰੱਦ ਕੀਤੇ ਜਾਣ ਦੀ ਬੇਨਤੀ ਕੀਤੀ।

ਮਿਤੀ: 16/7/2025 ਨੂੰ ਪਟੀਸ਼ਨ ਪ੍ਰਵਾਨ ਕਰਦੇ ਹੋਏ ਮਿਤੀ:30/7/2025 ਨੂੰ ਗਿਣਤੀ ਲਈ ਰੱਖੀ ਗਈ। ਪਰੰਤੂ ਮੀਟਿੰਗ, ਹੋਰ ਰੁਝੇਵਿਆਂ ਕਾਰਨ ਅਤੇ ਫਿਰ ਵਕੀਲ ਸਹਿਬਾਨਾ ਦੀ ਹੜਤਾਲ ਹੋਣ ਕਾਰਨ ਇਹ ਗਿਣਤੀ ਮਿਤੀ: 8/8/2025 ਨੂੰ ਰੱਖੀ ਗਈ।

ਟ੍ਰਿਬਿਊਨਲ ਦੇ ਉਕਤ ਹੁਕਮ ਮਿਤੀ:16/7/2025 ਦੇ ਵਿਰੁੱਧ ਉਤਰਵਾਦੀ ਨੰ:1 ਇੰਦਰਜੀਤ ਸਿੰਘ ਵੱਲੋਂ ਮਾਨਯੋਗ ਹਾਈਕੋਰਟ ਵਿਖੇ ਸੀ.ਡਬਲਯੂ.ਪੀ.-21012-2025 ਇੰਦਰਜੀਤ ਸਿੰਘ ਉਰਫ ਇੰਦਰਜੀਤ ਸਿੰਘ ਗਿੱਲ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ ਦਾਇਰ ਕੀਤੀ। ਜਿਸ ਵਿਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਜੀ ਨੇ ਆਪਣੇ ਹੁਕਮ ਮਿਤੀ: 25/7/2025 ਰਾਹੀ ਹੇਠ ਲਿਖੇ ਅਨੁਸਾਰ ਹੁਕਮ ਕੀਤਾ:-

This Court, on 24.07.2025, had passed the following order:
"Learned counsel for the petitioner submits that the petitioner had been elected as Panch/Member of Ward No.11, Village Gholia Khurd, Tehsil Nihal Singh Wala, District Moga but the order of recounting of the votes has been erroneously passed on 16.07.2025 by respondent No.4.As per the said order, the recounting of votes is scheduled for 30.07.2025 but the copy of order dated 16.07.2025 passed by respondent No.4 regarding recounting of votes has not been supplied to the petitioner. The petitioner has sent an application for supplying the certified copy of order dated 16.07.2025 but in the application form itself, it has been mentioned that the copy would be supplied on 30.07.2025, which is the date of recounting of votes. He further submits that the respondents are intentionally depriving the petitioner to avail his legal remedy. Issue notice to the respondents.

Ms. Arundhati Kulshreshtha, AAG, Punjab accepts notice on behalf of the respondents. The respondent No.4 is directed to furnish a copy of order dated 16.07.2025 to the petitioner by 10:00 AM tomorrow.
List on 25.07.2025."

Learned State counsel submits that copy of the order dated 16.07.2025 has been furnished to the petitioner. Learned counsel for the petitioner submits that the copy of the order has indeed been furnished. The grievance of the petitioner has been substantially addressed. He submits that recounting is to take place on 30.07.2025 and the process should be videographed in terms of The Punjab Panchayat Election Rules, 1994.
The petition stands disposed of with a direction to respondent No.4 to videograph the entire process of recounting of votes.

ਇਸ ਉਪਰੰਤ ਉਤਰਵਾਦੀ ਨੰ:1 ਇੰਦਰਜੀਤ ਸਿੰਘ ਵੱਲੋਂ ਮਾਨਯੋਗ ਹਾਈਕੋਰਟ ਵਿਖੇ ਸੀ.ਡਬਲਯੂ.ਪੀ.-21536-2025 ਇੰਦਰਜੀਤ ਸਿੰਘ ਉਰਫ ਇੰਦਰਜੀਤ ਸਿੰਘ ਗਿੱਲ ਬਨਾਮ ਸਬ ਡਵੀਜਨਲ ਮੈਜਿਸਟਰੇਟ-ਕਮ-ਪਰਜਾਈਡਿੰਗ ਅਫਸਰ, ਇਲੈਕਸ਼ਨ ਟ੍ਰਿਬਿਊਨਲ, ਨਿਹਾਲ ਸਿੰਘ ਵਾਲਾ, ਜਿਲ੍ਹਾ ਮੋਗਾ ਅਤੇ ਹੋਰ ਦਾਇਰ ਕੀਤੀ। ਜਿਸ ਵਿਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਜੀ ਨੇ ਆਪਣੇ ਹੁਕਮ ਮਿਤੀ: 07/8/2025 ਰਾਹੀ ਹੇਠ ਲਿਖੇ ਅਨੁਸਾਰ ਹੁਕਮ ਕੀਤਾ:-

1. After arguing for some time, learned counsel for the petitioner submits that keeping in view the order passed by the Division Bench of this Court in ***CWP No.21012 of 2025 titled as Inderjeet Singh alias Inderjeet Singh Gill vs. State of Punjab and others, decided on 25.07.2025***, the present writ petition may kindly be disposed of having been not pressed any further.
2. Ordered accordingly.

ਅੱਜ ਧਿਰਾਂ ਹਾਜਰ ਆਈਆਂ। ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੇ ਸਟਾਫ ਵੱਲੋਂ ਰਿਕਾਰਡ ਪੇਸ਼ ਕੀਤਾ ਗਿਆ। ਰਿਟਰਨਿੰਗ ਅਫਸਰ ਅਤੇ ਪਰਜਾਈਡਿੰਗ ਅਫਸਰ ਹਾਜਰ ਆਏ। ਸਾਰਿਆਂ ਦੀ ਹਾਜਰੀ ਵਿਚ ਵੋਟਾਂ ਨਾਲ ਸਬੰਧਤ ਟਰੰਕ ਖੋਲਿਆ ਗਿਆ। ਟਰੰਕ ਉਪਰ ਜਿੰਦਰੇ ਲਗਾਕੇ ਸੀਲ ਕੀਤਾ ਹੋਇਆ ਸੀ। ਜਿਸ ਨੂੰ ਧਿਰਾਂ ਨੇ ਸਹੀ ਮੰਨਿਆ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਜੀ ਦੇ ਉਕਤ ਹੁਕਮ ਦੀ ਪਾਲਣਾ ਵਿਚ ਵੀਡੀਓਗ੍ਰਾਫੀ ਕਰਵਾਕੇ ਧਿਰਾਂ ਦੀ ਹਾਜਰੀ ਵਿਚ ਦੁਬਾਰਾ ਗਿਣਤੀ ਕਰਵਾਈ ਗਈ। ਜਿਸ ਮੁਤਾਬਿਕ ਉਮੀਦਵਾਰਾਂ ਨੂੰ ਹੇਠ ਲਿਖੇ ਅਨੁਸਾਰ ਵੋਟਾਂ ਪੋਲ ਹੋਈਆਂ ਪਾਈਆਂ ਗਈਆਂ:-

ਮੇਜਰ ਸਿੰਘ ਪਟੀਸ਼ਨਰ : 136 ਵੋਟਾਂ

ਇੰਦਰਜੀਤ ਸਿੰਘ ਉਤਰਵਾਦੀ ਨੰ:1	:	132 ਵੋਟਾਂ
ਨੋਟਾ	:	1 ਵੋਟਾਂ
ਰੱਦ ਵੋਟਾਂ	:	5 ਵੋਟਾਂ

ਉਪਰੋਕਤ ਸਥਿਤੀ ਅਨੁਸਾਰ ਪਟੀਸ਼ਨਰ ਮੇਜਰ ਸਿੰਘ ਨੂੰ ਉਤਰਵਾਦੀ ਨੰ: 1 ਇੰਦਰਜੀਤ ਸਿੰਘ ਨਾਲੋ ਵੱਧ ਵੋਟਾਂ ਪਈਆਂ ਹਨ। ਇਸ ਲਈ ਇਸ ਕੇਸ ਵਿਚ ਉਪਰੋਕਤ ਅਨੁਸਾਰ ਉਮੀਦਵਾਰਾਂ ਨੂੰ ਵੋਟਾਂ ਤੋਂ ਸਾਰੀ ਸਥਿਤੀ ਸਪੱਸ਼ਟ ਹੋ ਚੁੱਕੀ ਹੈ। ਹੋਰ ਕਿਸੇ ਕਾਰਵਾਈ ਦੀ ਲੋੜ ਨਾ ਹੈ। ਲਿਹਾਜਾ ਮੌਜੂਦਾ ਪਟੀਸ਼ਨ ਪ੍ਰਵਾਨ ਕੀਤੀ ਜਾਂਦੀ ਹੈ ਅਤੇ ਪਟੀਸ਼ਨਰ ਮੇਜਰ ਸਿੰਘ ਨੂੰ ਗ੍ਰਾਮ ਪਚਾਇਤ ਪਿੰਡ ਘੋਲੀਆ ਖੁਰਦ ਦੇ ਵਾਰਡ ਨੰ:11 ਦਾ ਜੇਤੂ ਪੰਚ ਡਿਕਲੇਅਰ ਕੀਤਾ ਜਾਂਦਾ ਹੈ। ਇਸ ਹੁਕਮ ਦੀ ਕਾਪੀ ਮਾਨਯੋਗ ਪੰਜਾਬ ਰਾਜ ਚੋਣ ਕਮਿਸ਼ਨ, ਚੰਡੀਗੜ੍ਹ, ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਮੋਗਾ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਬਾਘਾ ਪੁਰਾਣਾ ਪੁਰਾਣਾ ਪਾਸ ਨਿਯਮਾਂ ਅਨੁਸਾਰ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਵੇ। ਮਿਸਲ ਬਾਅਦ ਤਕਮੀਲ ਵਾ ਤਰਤੀਬ ਦਾਖਲ ਰਿਕਾਰਡ ਰੂਮ ਹੋਵੇ। ਹੁਕਮ ਸੁਣਾਇਆ ਗਿਆ।

ਸਹੀ/-
ਪਰਜਾਈਡਿੰਗ ਅਫਸਰ,
ਇਲੈਕਸ਼ਨ ਟ੍ਰਿਬਿਊਨਲ,
ਨਿਹਾਲ ਸਿੰਘ ਵਾਲਾ।

ਮਿਤੀ: 08/08/2025

3486/8-2025/Pb. Govt. Press, S.A.S. Nagar